ਤੁਸੀਂ .ਗਲਤ ਬੰਦਿਆਂ ਨਾਲ ਉਲਝ ਰਹੇ ਹੋ...

ਨਗਰ ਕੀਰਤਨ ਦੇ ਵਿਰੋਧ ਮਗਰੋਂ ਨਿਊਜ਼ੀਲੈਂਡ ਵਾਸੀ ਦੀ ਭਾਵੁਕ ਪੋਸਟ ਵਾਇਰਲ

ਚੰਡੀਗੜ੍ਹ, 26 ਦਸੰਬਰ (ਪੱਤਰ ਪ੍ਰੇਰਕ): ਦੱਖਣੀ ਆਕਲੈਂਡ ਵਿੱਚ ਡੈਸਟਿਨੀ ਚਰਚ ਨਾਲ ਜੁੜੇ ਪੁਰਜ਼ਸ਼ਨਕਾਰੀਆਂ ਵੱਲੋਂ ਨਗਰ ਕੀਰਤਨ ਵਿੱਚ ਪਾਏ ਵਿਘਨ ਤੋਂ ਕੁਝ ਦਿਨਾਂ ਬਾਅਦ ਵੀਡੀਓ ਵਾਇਰਲ ਹੋਈ ਹੈ। ਨਿਊਜ਼ੀਲੈਂਡ ਦੇ ਇੱਕ ਵਸਨੀਕ ਨੇ ਸਿੱਖ ਭਾਈਚਾਰੇ ਦੀ ਨਿਸਵਾਰਥ ਸੇਵਾ ਨੂੰ ਦਰਸਾਉਂਦੀ ਦਿਲ ਨੂੰ ਛੂਹ ਲੈਣ ਵਾਲੀ ਕਹਾਣੀ ਸਾਂਝੀ ਕੀਤੀ ਹੈ। ਇਸ ਸ਼ਸ਼ਸ ਦੀ ਪਛਾਣ ਨੇਟ ਹੈਮਨ ਵਜੋਂ ਹੋਈ ਹੈ। ਨੇਟ ਹੈਮਨ ਨੇ ਦੱਸਿਆ ਕਿ ਉਸ ਦੇ ਮਾਤਾ-ਪਿਤਾ ਡੇਲਨ ਚੈਰਿਟੀ ਲਈ ਸਥਾਨਕ ਕੋਆਰਡੀਨੇਟਰ ਸਨ ਅਤੇ ਹਫ਼ਤੇ ਵਿੱਚ ਕਈ ਵਾਰ ਉਹ ਲੋੜਵੰਦ ਲੋਕਾਂ ਨੂੰ ਖਾਣਾ ਖੁਆਉਂਦੇ ਸਨ। ਸਥਾਨਕ ਸਿੱਖ ਭਾਈਚਾਰੇ ਦੇ ਮੈਂਬਰ ਲਗਾਤਾਰ ਤਾਜ਼ੇ ਤਿਆਰ ਕੀਤੇ ਭੋਜਨ ਦੀਆਂ ਟਰੇਆਂ ਲੈ ਕੇ ਉੱਥੇ ਪਹੁੰਚਦੇ ਹਨ, ਜਿਸ ਦਾ ਖਰਚਾ ਤੇ ਤਿਆਰੀ ਉਹ ਖ਼ੁਦ ਕਰਦੇ ਹਨ। ਇਹ ਸਭ ਉਹ ਬਿਨਾਂ ਕਿਸੇ ਪਛਾਣ, ਮੀਡੀਆ ਦਾ ਧਿਆਨ ਖਿੱਚੇ ਬਿਨਾਂ ਜਾਂ ਪ੍ਰਸ਼ੰਸਾ ਦੀ ਇੱਛਾ ਤੋਂ ਬਿਨਾਂ ਕਰਦੇ ਹਨ। ਨੇਟ ਹੈਮਨ ਨੇ ਕਿਹਾ, ਉਹ ਸਿਰਫ਼ ਖਾਣਾ ਦੇ ਜਾਂਦੇ ਹਨ, ਨਿਮਰਤਾ ਨਾਲ ਮੁਸਕਰਾਉਂਦੇਹਨ ਅਤੇ ਚੁੱਪਚਾਪ ਚਲੇ ਜਾਂਦੇ ਹਨ।" ਉਸ ਨੇ ਆਲੋਚਕਾਂ ਅਤੇ ਨਫ਼ਰਤ ਫੈਲਾਉਣ ਵਾਲਿਆਂ ਨੂੰ ਸੰਬੋਧਨ ਕਰਦਿਆਂ ਕਿਹਾ, ਜਿਨ੍ਹਾਂ ਲੋਕਾਂ 'ਤੇ ਤੁਸੀਂ ਹਮਲਾ ਕਰ ਰਹੇ ਹੋ, ਉਹ ਭੁੱਖਿਆਂ ਨੂੰ ਖਾਣਾ ਖੁਆ ਰਹੇ ਹਨ। ਜੇ ਤੁਹਾਡੀ ਚਰਚ ਤੁਹਾਨੂੰ ਉੱਚਾ ਬੋਲਣ ਵਾਲਾ, ਗੁੱਸੇਖੋਰ ਅਤੇ ਬੇਰਹਿਮ ਬਣਾਉਂਦੀਹੈ ਤਾਂ ਸਮੀਸਿਆ ਉਨ੍ਹਾਂ ਦੇ ਵਿਸ਼ਵਾਸ ਵਿੱਚ ਨਹੀਂ, ਤੁਹਾਡੀ ਅਗਿਆਨਤਾ ਵਿੱਚ ਹੈ।

ਡਿਜੀਟਲ ਅਰੈਸਟ: ਈ ਡੀ ਵੱਲੋਂ 11 ਥਾਵਾਂ 'ਤੇ ਛਾਪੇ

ਮਾਮਲਾ ਲੁਧਿਆਣਾ ਦੇ ਸਨਅਤਕਾਰ ਓਸਵਾਲ ਨਾਲ ਸਬੰਧਤ

ਨਵੀਂ ਦਿੱਲੀ, 26 ਦਸੰਬਰ (ਪੱਤਰ ਪ੍ਰੇਰਕ): ਐਨਫੋਰਸਮੈਂਟ ਡਾਇਰੈਕਟੋਰੇਟ ਨੇ ਡਿਜੀਟਲ ਅਰੈਸਟ ਕੇਸ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਵਿੱਚ ਪੰਜ ਸੂਬਿਆਂ 'ਚ 11 ਥਾਵਾਂ 'ਤੇ ਛਾਪੇ ਮਾਰੇ ਹਨ। ਇਹ ਮਾਮਲਾ ਲੁਧਿਆਣਾ ਦੇ ਸਨਅਤਕਾਰ ਐਸ ਪੀ ਓਸਵਾਲ ਤੋਂ 7 ਕਰੋੜ ਰੁਪਏ ਠੱਗਣ ਨਾਲ ਸਬੰਧਤ ਹੈ।

ਇਹ ਛਾਪੇ ਪੰਜਾਬ , ਹਰਿਆਣਾ, ਰਾਜਸਥਾਨ, ਗੁਜਰਾਤ ਅਤੇ ਅਸਾਮ ਵਿੱਚ ਮਾਰੇ ਗਏ। ਇਸ ਦੌਰਾਨ ਕੇਂਦਰੀ ਜਾਂਚ ਏਜੰਸੀ ਨੇ ਕਈ ਇਤਰਾਜ਼ਯੋਗ ਦਸਤਾਵੇਜ਼ ਅਤੇ ਡਿਜੀਟਲ ਉਪਕਰਨ ਬਰਾਮਦ ਕੀਤੇ ਹਨ। ਈ ਡੀ ਨੇ ਇਸ ਮਾਮਲੇ ਵਿੱਚ ਮੰਗਲਵਾਰ ਨੂੰ ਰੂਮੀ ਕਲੀਤਾ ਨਾਂ ਦੀ ਮਹਿਲਾ ਨੂੰ ਅਸਾਮ ਤੋਂ ਗ੍ਰਿਫ਼ਤਾਰ ਕੀਤਾ ਸੀ ਜਿਸ ਨੇ ਕਥਿਤ ਤੌਰ 'ਤੇ ਪੈਸੇ ਟਰਾਂਸਫਰ ਕਰਨ ਲਈ ਆਪਣੇ ਬੈਂਕ ਅਕਾਊਂਟ ਦੀ ਪੇਸ਼ਕਸ਼ ਕੀਤੀ ਸੀ। ਜਾਂਚ ਏਜੰਸੀ ਦੇ ਬੁਲਾਰੇ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਜਾਂਚ ਦੌਰਾਨ ਮਿਲੇ ਦਸਤਾਵੇਜ਼ਾਂ ਤੋਂ ਪਤਾ ਚਲਿਆ ਹੈ ਕਿ ਉਪਰੋਕਤ ਮਹਿਲਾ ਪੈਸਿਆਂ ਦੇ ਲੈਣ ਦੇਣ ਤੇ ਉਨ੍ਹਾਂ ਨੂੰ ਵੱਖ- ਵੱਖ ਖਾਤਿਆਂ ਵਿੱਚ ਤਬਦੀਲ ਕਰਨ ਵਿੱਚ ਕਥਿਤ ਤੌਰ 'ਤੇ ਸ਼ਾਮਲ ਸੀ। ਕਲੀਤਾ ਨੂੰ 2 ਜਨਵਰੀ ਤਕ ਈ ਡੀ ਦੀ ਹਿਰਾਸਤ ਵਿੱਚ ਭੇਜਿਆ ਗਿਆ ਹੈ।

ਭਾਰਤੀ ਫੌਜ ਦੇ ਜਵਾਨਾਂ ਨੂੰ ਸੋਸ਼ਲ ਮੀਡੀਆ ਦੀ ਵਰਤੋਂ ਦੀ ਇਜਾਜ਼ਤ

ਨਵੀਂ ਦਿੱਲੀ, 26 ਦਸੰਬਰ (ਪੱਤਰ ਪ੍ਰੇਰਕ): ਭਾਰਤੀ ਫੌਜ ਦੇ ਜਵਾਨ ਹੁਣ ਸੋਸ਼ਲ ਮੀਡੀਆ ਦੀ ਵਰਤੋਂ ਕਰ ਸਕਣਗੇ। ਇਸ 'ਤੇ ਪੰਜ ਸਾਲ ਪਹਿਲਾਂ ਪਾਬੰਦੀ ਲਾਈ ਗਈ ਸੀ। ਫੌਜ ਨੇ ਸਾਲ 2020 ਵਿਚ ਲੱਗੀ ਪਾਬੰਦੀ ਕੁਝ ਸ਼ਰਤਾਂ ਤਹਿਤ ਹਟਾ ਦਿੱਤੀ ਹੈ। ਫੌਜ ਦੇ ਜਵਾਨਾਂ ਨੂੰ ਇੰਸਟਾਗਰਾਮ 'ਤੇ ਰੀਲ, ਫੋਟੋ ਤੇ ਵੀਡੀਓ ਦੇਖਣ ਦੀ ਇਜਾਜ਼ਤ ਦਿੱਤੀ ਗਈ ਹੈ ਪਰ ਉਹ ਇੰਸਟਾਗਰਾਮ 'ਤੇ ਟਿੱਪਣੀ ਨਹੀਂ ਕਰ ਸਕਣਗੇ। ਫੌਜ ਦੇ ਜਵਾਨ ਵਟਸ ਐਪ ਤੇ ਟੈਲੀਗਰਾਮ 'ਤੇ ਜਾਣਕਾਰੀ ਸਾਂਝੀ ਕਰ ਸਕਣਗੇ ਪਰ ਇਹ ਜਾਣਕਾਰੀ ਆਮ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਐਕਸ ਤੇ ਯੂਟਿਊਬ ਦੀ ਵਰਤੋਂ ਸਿਰਫ ਜਾਣਕਾਰੀ ਲਈ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਹੋਰ ਐਪਸ ਲਈ ਵੀ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ। ਦੱਸਣਾ ਬਣਦਾ ਹੈ ਕਿ ਸਰਕਾਰ ਨੇ ਸਾਲ 2020 ਵਿਚ ਸੰਵੇਦਨਸ਼ੀਲ ਜਾਣਕਾਰੀ ਲੀਕ ਹੋਣ ਤੋਂ ਰੋਕਣ ਲਈ ਫੌਜ ਦੇ ਜਵਾਨਾਂ ਤੇ ਅਧਿਕਾਰੀਆਂ ਨੂੰ 89 ਐਪਸ ਹਟਾਉਣ ਦੇ ਨਿਰਦੇਸ਼ ਦਿੱਤੇ ਸਨ। ਇਸ ਵਿਚ ਫੇਸਬੁੱਕ, ਇੰਸਟਾਗਰਾਮ, ਟਿਕਟੋਕ, ਜ਼ੂਮ ਤੇ ਪਬਜੀ ਸ਼ਾਮਲ ਹਨ। ਉਸ ਵੇਲੇ ਇਨ੍ਹਾਂ ਐਪ ਜ਼ਰੀਏ ਕਈ ਹਨੀ ਟਰੈਪ ਦੇ ਮਾਮਲੇ ਸਾਹਮਣੇ ਆਏ ਸਨ ਤੇ ਕਈ ਅਹਿਮ ਜਾਣਕਾਰੀਆਂ ਲੀਕ ਹੋ ਗਈਆਂ ਸਨ ਜਿਸ ਕਰ ਕੇ ਸਰਕਾਰ ਨੂੰ ਸਖਤ ਫੈਸਲਾ ਲੈਣਾ ਪਿਆ ਸੀ।

ਸ਼ਾਹ ਵੱਲੋਂ ਕੁਦਰਤੀ ਖੇਤੀ ਦੀ ਵਕਾਲਤ

ਗ੍ਰਹਿ ਮੰਤਰੀ ਨੇ ਰਸਾਇਣਕ ਖਾਦਾਂ ਨੂੰ ਕਈ ਬਿਮਾਰੀਆਂ ਦੀ ਜੜ੍ਹ ਦੱਸਿਆ

ਰੀਵਾ (ਮੱਧ ਪ੍ਰਦੇਸ਼), 26 ਦਸੰਬਰ (ਪੱਤਰ ਪ੍ਰੇਰਕ): ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਰਸਾਇਣਕ ਖਾਦਾਂ ਨੂੰ ਕਈ ਬਿਮਾਰੀਆਂ ਦੀ ਜੜ੍ਹ ਦੱਸਦਿਆਂ ਕੁਦਰਤੀ ਖੇਤੀ ਦੀ ਵਕਾਲਤ ਕੀਤੀ ਹੈ। ਉਨ੍ਹਾਂ ਕਿਹਾ ਕਿ ਕੁਦਰਤੀ ਖੇਤੀ ਨਾ ਸਿਰਫ਼ ਕਿਸਾਨਾਂ ਦੀ ਆਮਦਨ ਵਧਾਉਂਦੀਹੈ, ਸਗੋਂ ਪਾਣੀ ਦੀ ਬਚਤ ਦੇ ਨਾਲ-ਨਾਲ ਲੋਕਾਂ ਦੀ ਸਿਹਤ ਨੂੰ ਵੀ ਸੁਧਾਰਦੀ ਹੈ। ਇੱਥੇ ਕਿਸਾਨ ਸੰਮੇਲਨ ਨੂੰ ਸੰਬੋਧਨ ਕਰਦਿਆਂ ਸ਼ਾਹ ਨੇ ਕਿਹਾ ਕਿ ਭਾਰਤ ਸਰਕਾਰ ਕੁਦਰਤੀ ਪੈਦਾਵਾਰ ਨੂੰ ਵਿਸ਼ਵ ਪੱਧਰੀ ਬਾਜ਼ਾਰਾਂ ਤੱਕ ਪਹੁੰਚਾਉਣ ਅਤੇ ਕਿਸਾਨਾਂ ਦੇ ਹਿੱਤਾਂ ਲਈ ਸੰਪੂਰਨ ਪੁਣਾਲੀ ਵਿਕਸਿਤ ਕਰ ਰਹੀ ਹੈ। ਅੱਜ ਦੁਨੀਆ ਵਿੱਚ ਕੁਦਰਤੀ ਉਤਪਾਦਾਂ ਦੀ ਭਾਰੀ ਮੰਗ ਹੈ। ਰਸਾਇਣਕ ਖਾਦਾਂ ਬਹੁਤ ਸਾਰੀਆਂ ਬਿਮਾਰੀਆਂ ਦਾ ਮੁੱਖ ਕਾਰਨ ਹਨ। ਕੁਦਰਤੀ ਖੇਤੀ ਅਜਿਹਾ ਤਰੀਕਾ ਹੈ ਜੋ ਕਿਸਾਨਾਂ ਦੀ ਆਮਦਨ ਘਟਾਉਂਦਾ ਨਹੀਂ, ਸਗੋਂ ਉਨ੍ਹਾਂ ਦੀ ਪੈਦਾਵਾਰ ਨੂੰ ਸ਼ੁੱਧ ਬਣਾਉਂਦਾਹੈ, ਜਿਸ ਨਾਲ ਆਮਦਨ ਵਿੱਚ ਵਾਧਾ ਹੁੰਦਾ ਹੈ। ਇੱਥੇ ਇੱਕ ਹੋਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਸੈਮੀਕੰਡਕਟਰ ਉਦਯੋਗ ਵਿੱਚ ਭਾਰਤ ਭਾਵੇਂ ਦੇਰੀ ਨਾਲ ਆਇਆ ਪਰ ਦੇਸ਼ ਜਲਦੀ ਹੀ ਇਸ ਖੇਤਰ ਵਿੱਚ ਆਤਮ-ਨਿਰਭਰ ਹੋ ਜਾਵੇਗਾ ਤੇ ਨਿਰਯਾਤ ਸ਼ੁਰੂ ਕਰ ਦੇਵੇਗਾ। ਉਨ੍ਹਾਂ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ 101ਵੇਂ ਜਨਮ ਦਿਨ ਮੌਕੇ 2 ਲੱਖ ਕਰੋੜ ਰੁਪਏ ਦੇ ਉਦਯੋਗਿਕ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਿਆ।

ਭਰੋਸੇ ਅਤੇ ਵਿਸ਼ਵਾਸ ਦੇ ਨਾਲ ਖੁਸ਼ੀਆਂ ਦੀ ਸੌਗਾਤ

'ਸਭ ਤੋਂ ਸੁੰਦਰ ਉਤਸਵ' ਦੇ ਲੱਕੀ ਡਰਾਅ ਵਿਚ ਤਿੰਨ ਜੇਤੂਆਂ ਨੂੰ ਮਿਲੀਆਂ ਲਗਜਰੀ ਕਾਰਾਂ

ਐੱਸਏਐੱਸ ਨਗਰ , 26 ਦਸੰਬਰ (ਪੱਤਰ ਪ੍ਰੇਰਕ)-ਤਿਉਹਾਰਾਂ ਦੀ ਰੌਣਕ ਵਧਾਉਣੀ ਹੋਵੇ ਜਾਂ ਆਪਣਿਆਂ ਨੂੰ ਅਨਮੋਲ ਤੋਹਫ਼ਾ ਦੇ ਕੇ ਪਿਆਰ ਦਾ ਇਜਹਾਰ ਕਰਨਾ ਹੋਵੇਸੁੰਦਰ ਜਵੇਲਰਜ਼, ਸੁੰਦਰ ਸਟਰਲਿੰਗ ਅਤੇ ਸੁੰਦਰ ਐਪੋਰੀਅਮ ਸਾਲਾਂ ਤੋਂ ਗਾਹਕਾਂ ਦੇ ਜੀਵਨ ਦੇ ਹਰ ਖਾਸ ਪਲ ਨੂੰ ਯਾਦਗਾਰ ਬਣਾਉਂਦੇ ਆਏ ਰਹੇ ਹਨ। ਇਸ ਪਰੰਪਰਾ ਨੂੰ ਅੱਗੇ ਤੋਰਦਿਆਂ 'ਸਭ ਤੋਂ ਸੁੰਦਰ ਉਤਸਵ 2025' ਦਾ ਸਾਨਦਾਰ ਸਮਾਪਨ ਐਤਵਾਰ ਨੂੰ ਕੀਤਾ ਗਿਆ, ਜਿਸ ਵਿਚ ਲੱਕੀ ਡਰਾਅ ਦੇ ਜੇਤੂਆਂ ਦੇ ਨਾਮਾਂ ਦਾ ਐਲਾਨ ਕੀਤਾ ਗਿਆ। ਇਸ ਸਾਲ ਲੱਕੀ ਡਰਾਅ ਵਿਚ ਕੁੱਲ ਤਿੰਨ ਖੁਸ਼ਕਿਸਮਤ ਜੇਤੂਆਂ ਨੇ ਲਗਜਰੀ ਕਾਰਾਂ ਜਿੱਤ ਕੇ ਆਪਣੇ ਸੁਪਨਿਆਂ ਨੂੰ ਸਾਕਾਰ ਕੀਤਾ। ਮਹਿੰਦਰਾ ਐੱਸਯੂਵੀ ਦੀ ਜੇਤੂ ਡਾ. ਸਵੇਥਾ (ਕੂਪਨ ਨੰ. 44424), ਨਿਸਾਨ ਕਾਰ ਦੀ ਜੇਤੂ ਆਸ਼ਾ ਮੋਦਗਿਲ (ਕੂਪਨ ਨੰ. 57393) ਅਤੇ ਨਿਸਾਨ ਕਾਰ ਦੀ ਤੀਜੀ ਜੇਤੂ ਗਨੀਵ ਕੌਰ (ਕੂਪਨ ਨੰ. 29812) ਰਹੀ। ਜੇਤੂਆਂ ਨੇ ਖੁਸ਼ੀ-ਖੁਸ਼ੀ ਆਪਣੀਆਂ ਨਵੀਆਂ ਕਾਰਾਂ ਦੀਆਂ ਚਾਬੀਆਂ ਪ੍ਰਾਪਤ ਕੀਤੀਆਂ ਅਤੇ ਸੁੰਦਰ ਗਰੁੱਪ ਦਾ ਧੰਨਵਾਦ ਕੀਤਾ। ਇਸ ਲੱਕੀ ਡਰਾਅ ਵਿਚ ਉਹ ਗਾਹਕ ਸਾਮਲ ਹੋਏ ਸਨ, ਜਿਨ੍ਹਾਂ ਨੇ ਸੁੰਦਰ ਜਵੇਲਰਜ਼ ਤੋਂ 10,000 ਜਾਂ ਇਸ ਤੋਂ ਵੱਧ ਅਤੇ ਸੁੰਦਰ ਸਟਰਲਿੰਗ ਤੇ ਸੁੰਦਰ ਐਪੋਰੀਅਮ ਤੋਂ 5,000 ਜਾਂ ਇਸ ਤੋਂ ਵੱਧ ਦੀ ਖਰੀਦਦਾਰੀ ਕੀਤੀ ਸੀ। ਨਾਮਵਰ ਮਹਿਮਾਨਾਂ ਦੀ ਹਾਜ਼ਰੀ ਨੇ ਹੋਰ ਵੀ ਯਾਦਗਾਰ ਬਣਾਇਆ ਸਮਾਪਤੀ ਸਮਾਰੋਹ ਨੂੰ ਟਰਾਈਸਿਟੀ ਦੇ ਨਾਮਵਰ ਮਹਿਮਾਨਾਂ ਦੀ ਹਾਜ਼ਰੀ ਨੇ ਹੋਰ ਵੀ ਯਾਦਗਾਰ ਬਣਾ ਦਿੱਤਾ। ਇਸ ਮੌਕੇ ਮੁੱਖ ਮਹਿਮਾਨ ਵਜੋਂ ਸੰਸੀਵ ਕਾਲੜਾ (ਆਈਪੀਐੱਸ, ਸਪੈਸ਼ਲ ਡੀਜੀਪੀ-ਕਮਾਂਡੈਂਟ ਜਨਰਲ, ਪੰਜਾਬ ਹੋਮ ਗਾਰਡਜ਼ ਅਤੇ ਡਾਇਰੈਕਟਰ, ਸਿਵਲ ਡਿਫੈਂਸ, ਪੰਜਾਬ) ਹਾਜ਼ਰ ਹੋਏ। ਵਿਸ਼ੇਸ਼ ਮਹਿਮਾਨਾਂ ਵਿਚ ਸੁਭਾਸ਼ ਚਾਵਲਾ (ਸਾਬਕਾ ਮੇਅਰ, ਚੰਡੀਗੜ੍ਹ), ਅਨੁਰਾਗ ਦਾਤੂ (ਆਈਪੀਐੱਸ, ਏਐੱਸਪੀ, ਸਾਈਬਰ-ਫੋਸਟ ਡਿਵੀਜਨ), ਜੈ ਪ੍ਰਕਾਸ਼ (ਏਰੀਆ ਮੈਨੇਜਰ, ਸੀਨੀਅਰ ਵਕੀਲ ਅਤੇ ਜਨਰਲ ਸਕੱਤਰ, ਚੰਡੀਗੜ੍ਹ ਟੈਰੀਟੋਰੀਅਲ ਕਾਂਗਰਸ ਕਮੇਟੀ), ਸ੍ਰੀਮਤੀ ਰਵਿੰਦਰ ਕੌਰ ਗੁਜਰਾਲ (ਸਾਬਕਾ ਕੌਂਸਲਰ, ਨਗਰ ਨਿਗਮ ਚੰਡੀਗੜ੍ਹ) ਅਤੇ ਸ੍ਰੀਮਤੀ ਹਰਜਿੰਦਰ ਕੌਰ (ਸਾਬਕਾ ਮੇਅਰ ਤੇ ਐੱਸਜੀਪੀਸੀ ਅੰਮ੍ਰਿਤਸਰ ਦੀ ਕਾਰਜਕਾਰੀ ਮੈਂਬਰ) ਸਾਮਲ ਸਨ। ਨਵੇਂ ਸਾਲ 2026 ਵਿਚ ਵੀ ਗਾਹਕਾਂ ਲਈ ਆਕਰਸਕ ਆਫਰ ਸੁੰਦਰ ਗਰੁੱਪ ਦੇ ਐੱਸਐੱਚਓ), ਐਡਵੋਕੇਟ ਏਐੱਸ ਗੁਜਰਾਲ (ਸੀਨੀਅਰ ਵਕੀਲ ਅਤੇ ਜਨਰਲ ਸਕੱਤਰ, ਚੰਡੀਗੜ੍ਹ ਟੈਰੀਟੋਰੀਅਲ ਕਾਂਗਰਸ ਕਮੇਟੀ), ਸ੍ਰੀਮਤੀ ਰਵਿੰਦਰ ਕੌਰ ਗੁਜਰਾਲ (ਸਾਬਕਾ ਕੌਂਸਲਰ, ਨਗਰ ਨਿਗਮ ਚੰਡੀਗੜ੍ਹ) ਅਤੇ ਸ੍ਰੀਮਤੀ ਹਰਜਿੰਦਰ ਕੌਰ (ਸਾਬਕਾ ਮੇਅਰ ਤੇ ਐੱਸਜੀਪੀਸੀ ਅੰਮ੍ਰਿਤਸਰ ਦੀ ਕਾਰਜਕਾਰੀ ਮੈਂਬਰ) ਸਾਮਲ ਸਨ। ਨਵੇਂ ਸਾਲ 2026 ਵਿਚ ਵੀ ਗਾਹਕਾਂ ਲਈ ਆਕਰਸਕ ਆਫਰ ਸੁੰਦਰ ਗਰੁੱਪ ਦੇ ਗਾਹਕਾਂ ਲਈ ਸਾਰਥਿਕ ਹੋਣ ਦੀ ਉਮੀਦ ਕੀਤੀ ਜਾਣ ਲਗੀ ਹੈ। ਚੰਡੀਗੜ੍ਹ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਸੁੰਦਰ ਗਰੁੱਪ ਗਾਹਕਾਂ ਦੀ ਹਰ ਲੋੜ ਨੂੰ ਇਕੋ ਛੱਤ ਹੇਠ ਪੂਰਾ ਕਰਨ ਵਾਲਾ ਭਰੋਸੇਮੰਦ ਨਾਮ ਬਣ ਚੁੱਕਾ ਹੈ। ਸੁੰਦਰ ਜਵੇਲਰਜ਼ ਵਿਚ ਸੋਨੇ ਤੇ ਹੀਰੇ ਦੇ ਗਹਿਣੇ, ਸੁੰਦਰ ਸਟਰਲਿੰਗ ਵਿਚ ਚਾਂਦੀ ਦੇ ਤੋਹਫ਼ੇ ਅਤੇ ਮੂਰਤੀਆਂ, ਜਦਕਿ ਸੁੰਦਰ ਐਪੋਰੀਅਮ ਵਿਚ ਡਿਜਾਈਨਰ ਸੂਟ ਅਤੇ ਪਰਿਵਾਰਾਂ ਉਪਲਬੰਧ ਹਨ। ਗਰੁੱਪ ਨੇ ਆਪਣਾ ਵਿਸਤਾਰ ਕਰਦਿਆਂ ਸੈਕਟਰ-62, ਐੱਚਐੱਲਪੀ ਗੋਲੇਰੀਆ, ਮੁਹਾਲੀ ਵਿਖੇ ਤਿੰਨ ਮੰਜਿਲਾ ਸਾਨਦਾਰ ਸੋਰਗਮ ਦੀ ਸ਼ੁਰੂਆਤ ਕੀਤੀ ਹੈ। ਇਥੇ ਲਾਈਟ ਲਕਸ਼ ਬਰਾਂਡ ਦੇ ਕੁਦਰਤੀ ਹੀਰੇ ਅਤੇ ਕਰਿਜਮਾ ਕੁਲੈਕਸਨ ਵਿਚ ਆਈਜੀਆਈ ਸਰਟੀਫਾਈਡ ਲੈਬ ਗਰੇਨ ਡਾਇਮੰਡਸ ਉਪਲਬੰਧ ਹਨ, ਜੋ ਕਿ ਖਾਸ ਕਰਕੇ ਨੌਜਵਾਨਾਂ ਅਤੇ ਕੰਮਕਾਜੀ ਔਰਤਾਂ ਵਿਚ ਬਹੁਤ ਪ੍ਰਸਿੱਧ ਹੋ ਰਹੇ ਹਨ। ਡਾਇਰੈਕਟਰ ਮਹਿੰਦਰ ਖੁਰਾਣਾ ਨੇ ਕਹਿਆ ਕਿ ਨਵੇਂ ਸਾਲ 2026 ਵਿਚ ਵੀ ਵਿਆਹਾਂ ਦੇ ਸੀਜਨ ਨੂੰ ਧਿਆਨ ਵਿਚ ਰੱਖਦਿਆਂ ਗਾਹਕਾਂ ਲਈ ਬਹੁਤ ਪ੍ਰਸਿੱਧ ਹੋ ਰਹੇ ਹਨ। ਡਾਇਰੈਕਟਰ ਮਹਿੰਦਰ ਖੁਰਾਣਾ ਅਤੇ ਹਰਜਿੰਦਰ ਖੁਰਾਣਾ ਨੇ ਗਾਹਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੁੰਦਰ ਗਰੁੱਪ ਸਿਰਫ ਇਕ ਬਰਾਂਡ ਨਹੀਂ, ਸਗੋਂ ਹਰ ਪਰਿਵਾਰ ਦਾ ਹਿੱਸਾ ਹੈ, ਜਿਥੇ ਹਰ ਖਰੀਦਦਾਰੀ ਖ਼ੁਸ਼ੀਆਂ ਦਾ ਜਿਸਤਾ ਬਣਦੀ ਹੈ।

ਮੁਹਾਲੀ ਪੁਲਿਸ ਵੱਲੋਂ ਇਕ ਪਿਸਤੌਲ ਅਤੇ ਦੋ ਜਿੰਦਾ ਕਾਰਤੂਸਾਂ ਸਮੇਤ 2 ਮੁਲਜਮ ਗ੍ਰਿਫ਼ਤਾਰ

ਐੱਸਏਐੱਸ ਨਗਰ, 26 ਦਸੰਬਰ (ਪੱਤਰ ਪ੍ਰੇਰਕ)- ਮੁਹਾਲੀ ਪੁਲਿਸ ਵੱਲੋਂ ਇਕ ਪਿਸਤੌਲ, 2 ਜਿੰਦਾ ਕਾਰਤੂਸਾਂ ਸਮੇਤ 2 ਮੁਲਜਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦੇਂਦਿਆਂ ਐੱਸਪੀ (ਇੰਨਵੈਸਟੀਗੇਸ਼ਨ) ਸੋਰਵ ਜਿੰਦਲ ਨੇ ਦੱਸਿਆ ਕਿ ਸੀਆਈਏ ਸਟਾਫ ਦੀ ਪੁਲਿਸ ਪਾਰਟੀ ਨਾਕਾਬੰਦੀ ਦੌਰਾਨ ਕ੍ਰਿਸ਼ਚਨ ਸਕੂਲ, ਪਰਵਤ ਨੇੜੇ ਮੌਜੂਦ ਸੀ ਅਤੇ ਨਾਕੇਬੰਦੀ ਦੌਰਾਨ ਸ਼ੱਕ ਦੇ ਆਧਾਰ 'ਤੇ ਕਾਲੇ ਰੰਗ ਦੀ ਕਾਰ (ਜਿਸ ਵਿਚ ਦੋ ਵਿਅਕਤੀ ਸਵਾਰ ਸਨ) ਨੂੰ ਰੋਕਿਆ ਗਿਆ ਅਤੇ ਗਾਂਡੀ ਦੀ ਤਲਾਸ਼ੀ ਕਰਨ 'ਤੇ ਗਾਂਡੀ ਦੇ ਡੈਸ਼ਬੋਰਡ ਵਿਚੋਂ ਇਕ ਪਿਸਤੌਲ (ਪੁਆਇੰਟ 32 ਬੋਰ ਸਮੇਤ 2 ਜਿੰਦਾ ਰੌਂਦ) ਬਰਾਮਦ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਪੁਲਿਸ ਵੱਲੋਂ ਇਸ ਮਾਮਲੇ ਵਿਚ ਆਰਮਜ਼ ਐਕਟ ਦੀ ਧਾਰਾ 25-54-59 ਤਹਿਤ ਮਾਮਲਾ ਦਰਜ ਕਰਕੇ ਦੋਵਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਦੋਸ਼ੀਆਂ ਦੀ ਪਛਾਣ ਸਗਤਾਰ ਸਿੰਘ ਉਰਫ ਜੱਗੀ ਵਾਸੀ ਪਿੰਡ ਰਜੌਦਰਗੜ੍ਹ ਥਾਣਾ ਬਡਾਲੀ ਆਲਾ ਸਿੰਘ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਅਤੇ ਦੇਸ਼ਵੀਰ ਸਿੰਘ ਵਾਸੀ ਪਿੰਡ ਕਲੇਤ੍ਰ ਥਾਣਾ ਬੰਸੀ ਪਠਾਣਾ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਵੱਲੋਂ ਦੋਸ਼ੀਆਂ ਦੀ ਪੁਛਗਿੱਛ ਕੀਤੀ ਜਾ ਰਹੀ ਹੈ ਕਿ ਇਹ ਨਾਜਾਇਜ਼ ਅਸਲਾ ਕਿਸ ਪਾਸੋਂ ਅਤੇ ਕਿਸ ਮਕਸਦ ਲਈ ਖਰੀਦ ਕਰਕੇ ਲਿ